# ਦਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ

## ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ

### ਟੈਂਡਰ ਨੋਟਿਸ

ਯੂਨੀਵਰਸਿਟੀ ਦੇ ਸੰਵਿਧਾਨਿਕ ਕਾਲਜ (ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ) ਲਈ ਹੋਸਟਲ (ਲੜਕੇ ਅਤੇ ਲੜਕੀਆਂ) ਦੀ ਮੈਸ ਦਾ ਵੱਖ-ਵੱਖ ਕੰਟ੍ਰੈਕਟ **ਸਾਲ 2026 ਅਤੇ 2027** (02 ਸਾਲ) ਲਈ ਦਿੱਤਾ ਜਾਣਾ ਹੈ। **ਲੜਕੀਆਂ ਦੇ ਹੋਸਟਲ ਦੀ ਮੈੱਸ ਲਈ ਕੇਵਲ ਮਹਿਲਾ ਕੰਟਰੈਕਟਰ / ਮਹਿਲਾ ਇੰਚਾਰਜ ਹੀ ਕੰਮ ਕਰੇਗੀ।** ਚਾਹਵਾਨ ਤਜ਼ਰਬੇਕਾਰ ਕੰਟ੍ਰੈਕਟਰ ਕਾਲਜ ਮੈੱਸ ਮੀਨੂੰ ਅਨੁਸਾਰ ਪ੍ਰਤੀ ਵਿਦਿਆਰਥੀ ਆਪਣੇ ਰੇਟ ਦੀਆਂ ਕੁਟੇਸ਼ਨਾਂ ਮਿਤੀ **09.12.2025** ਸਮਾਂ 03:00 ਵਜੇ ਤੱਕ ਪ੍ਰਿੰਸੀਪਲ, ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪੰਜਾਬੀ ਬਾਗ, ਪਟਿਆਲਾ ਵਿਖੇ ਭੇਜਣਾ ਯਕੀਨੀ ਬਣਾਉਣ।

ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰ. **0175-2228303** ਅਤੇ ਮੋਬ. ਨੰ. **97800-08608** ਤੇ ਸੰਪਰਕ ਕਰੋ।

**ਪਟਿਆਲਾ**

**17.11.2025**

ਰਜਿਸਟਰਾਰ

/

<u>ਮੈੱਸ ਟੈਂਡਰ ਨੋਟਿਸ</u>

## ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ

(ਸੰਵਿਧਾਨਿਕ ਕਾਲਜ: ਦਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ)

# <u>ਹੋਸਟਲ (ਲੜਕੀਆਂ)</u>

ਉਪਰੋਕਤ ਦਰਸਾਈ ਮੈੱਸ ਨੂੰ ਠੇਕੇ ਤੇ ਦੇਣ ਸਬੰਧੀ ਚਾਹਵਾਨ ਠੇਕੇਦਾਰਾਂ ਪਾਸੋਂ ਟੈਂਡਰਾਂ ਦੀ ਮੰਗ ਹੇਠਾਂ ਲਿਖੀਆਂ ਸ਼ਰਤਾਂ ਤੇ ਕੀਤੀ ਜਾਂਦੀ ਹੈ। **ਲੜਕੀਆਂ ਦੇ ਹੋਸਟਲ ਦੀ ਮੈੱਸ ਲਈ ਕੇਵਲ ਮਹਿਲਾ ਕੰਟਰੈਕਟਰ / ਮਹਿਲਾ ਇੰਚਾਰਜ ਹੀ ਕੰਮ ਕਰੇਗੀ।**

ਸ਼ਰਤਾਂ।

1. ਬੰਦ ਲਿਫਾਫਾ ਟੈਂਡਰ ਮਿਤੀ 09.12.2025 ਸਮਾਂ 03.00 ਵਜੇ ਤੱਕ ਪ੍ਰਿੰਸੀਪਲ, ਪ੍ਰੋ. ਗੁਰਸਵੇਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ ਵਿਖੇ ਰਜਿਸਟਰਡ ਡਾਕ ਰਾਹੀਂ ਜਾਂ ਹੱਥ ਦਸਤੀ ਪ੍ਰਾਪਤ ਹੋ ਜਾਣੇ ਚਾਹੀਦੇ ਹਨ। ਚੋਣ ਕਮੇਟੀ ਵੱਲੋਂ ਚੋਣ ਕੀਤੇ ਗਏ ਟੈਂਡਰ ਕਰਤਾ ਨੂੰ ਵੱਖਰੇ ਤੌਰ ਤੇ ਸੂਚਿਤ ਕਰ ਦਿੱਤਾ ਜਾਵੇਗਾ।
2. ਟੈਂਡਰ ਅਪਲਾਈ ਕਰਨ ਵਾਲਾ ਵਿਅਕਤੀ ਪਿਛਲੇ 03 ਸਾਲ ਦਾ ਕਿਸੇ ਨਾਮਵਰ ਸੰਸਥਾ ਦੀ ਮੈੱਸ ਚਲਾਉਣ ਦਾ ਤਜਰਬਾ ਰੱਖਦਾ ਹੋਵੇ। ਟੈਂਡਰ ਅਪਲਾਈ ਕਰਨ ਵਾਲੇ ਨੂੰ ਤਜਰਬੇ ਦਾ ਸਰਟੀਫਿਕੇਟ ਦੇਣਾ ਹੋਵੇਗਾ। ਤਜਰਬਾ ਸਰਟੀਫਿਕੇਟ ਤਾਂ ਹੀ ਯੋਗ ਮੰਨਿਆ ਜਾਵੇਗਾ ਜਿਸ ਸਰਟੀਫਿਕੇਟ ਤੇ ਫਰਮ/ਸੰਸਥਾ ਦੇ ਲੈਟਰ ਪੈਡ ਤੇ ਡਿਸਪੈਚ ਨੰਬਰ, ਮੋਹਰ ਆਦਿ ਸਹੀ ਹੋਵੇਗੀ।
3. ਟੈਂਡਰ ਬਿਨੈਕਾਰ ਕੋਲ ਮਿਤੀ 01.11.2025 ਤੋਂ ਪਹਿਲਾਂ ਦਾ Food Safety and Standards Authority of India (FSSAI) ਵੱਲੋਂ ਜਾਰੀ ਕੀਤਾ ਲਾਇਸੈਂਸ ਹੋਣਾ ਚਾਹੀਦਾ ਹੈ ਅਤੇ ਉਹ ਸਿਹਤ ਵਿਭਾਗ, ਨਗਰ ਨਿਗਮ, ਫੂਡ ਸੇਫਟੀ ਅਤੇ ਸਟੈਂਡਰਡ ਅਥਾਰਟੀ ਆਫ ਇੰਡੀਆ ਆਦਿ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰੇਗਾ।
4. ਟੈਂਡਰ ਦੀ ਚੋਣ- ਤਜਰਬਾ ਅਤੇ ਰੇਟ ਦੇ ਅਧਾਰ ਤੇ ਹੀ ਹੋਵੇਗੀ ਅਤੇ ਇਨ੍ਹਾਂ ਦੋਵਾਂ ਨੂੰ ਬਰਾਬਰ ਦੀ ਮਹੱਤਤਾ ਦਿੱਤੀ ਜਾਵੇਗੀ। ਇੱਕ ਤੋਂ ਵਧੇਰੇ ਟੈਂਡਰ ਅਰਜੀਆਂ ਵਿੱਚ ਰੇਟ, ਤਜਰਬਾ ਜਾਂ ਹੋਰ ਮਾਪਦੰਡ ਇਕੋ ਜਿਹੇ ਹੋਣ ਦੀ ਸੂਰਤ ਵਿੱਚ ਟੈਂਡਰ ਕਰਤਾ ਨੂੰ Negotiation ਲਈ ਬੁਲਾਇਆ ਜਾਵੇਗਾ, ਪਰ ਅੰਤਿਮ ਫੈਸਲਾ ਚੋਣ ਕਮੇਟੀ ਦਾ ਹੋਵੇਗਾ।
5. ਟੈਂਡਰ ਅਪਲਾਈ ਕਰਨ ਦੀ ਨਾ-ਮੋੜਣਯੋਗ ਫੀਸ 1000/- ਰੁਪਏ ਹੋਵੇਗੀ, ਜੋ ਕਿ ਪ੍ਰਿੰਸੀਪਲ, ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ ਦੇ ਨਾਮ ਤੇ ਡਰਾਫਟ ਰਾਹੀਂ ਟੈਂਡਰ ਦੇ ਨਾਲ ਜਮ੍ਹਾਂ ਕਰਵਾਈ ਜਾਵੇਗੀ।
6. ਟੈਂਡਰ ਪਾਸ ਹੋਣ ਦੀ ਸੂਰਤ ਵਿੱਚ ਵਿਅਕਤੀ 30,000/- ਰੁ: ਵਾਪਸੀਯੋਗ ਸਕਿਓਰਿਟੀ ਵਜੋਂ ਜਮ੍ਹਾਂ ਕਰਵਾਏਗਾ ਜੋ ਕਿ ਪ੍ਰਿੰਸੀਪਲ ਦੀ ਖਾਤੇ ਵਿੱਚ ਜਮ੍ਹਾਂ ਹੋਵੇਗਾ। ਜਿਹੜਾ ਠੇਕੇਦਾਰ ਇਕਰਾਰਨਾਮੇ ਨੂੰ ਸਮੇਂ ਤੋਂ ਪਹਿਲਾਂ ਹੀ ਛੱਡ ਜਾਵੇਗਾ ਉਸ ਦੀ ਸਕਿਓਰਿਟੀ ਜਬਤ ਕਰ ਲਈ ਜਾਵੇਗੀ।
7. ਮੈੱਸ ਬਿਲਡਿੰਗ ਦਾ ਕਰਾਇਆ 3000/- ਰੁਪਏ ਪ੍ਰਤੀ ਮਹੀਨਾਂ ਹੋਵੇਗਾ ਜੋ ਪ੍ਰਿੰਸੀਪਲ ਦਫਤਰ ਵਿੱਚ ਮਹੀਨੇ ਦੇ ਪਹਿਲੇ ਹਫਤੇ ਜਮ੍ਹਾ ਕਰਵਾਇਆ ਜਾਵੇਗਾ।
8. ਮੈੱਸ ਕੰਟਰੈਕਟਰ 5000/- ਰੁਪਏ ਪ੍ਰਤੀ ਮਹੀਨਾਂ ਬਿਜਲੀ ਦੇ ਖਰਚੇ ਵਜੋਂ ਮਹੀਨੇ ਦੇ ਪਹਿਲੇ ਹਫਤੇ ਜਮ੍ਹਾ ਕਰਵਾਏਗਾ।
9. ਮੈੱਸ ਕਨਟਰੈਕਟਰ ਮੈੱਸ ਦੇ ਕੰਮ-ਕਾਜ, ਇਸ ਦਾ ਕੋਈ ਵੀ ਹਿਸਾਬ, ਕਿਸੇ ਪ੍ਰਕਾਰ ਦੀ ਜਿੰਮੇਵਾਰੀ ਅਗੇ ਕਿਸੇ ਹੋਰ ਬੰਦੇ ਨੂੰ ਨਹੀਂ ਦੇ ਸਕੇਗਾ।

10. ਵਿਦਿਆਰਥੀਆਂ ਤੋਂ ਨਿਰਧਾਰਿਤ ਮੈੱਸ ਚਾਰਜ ਦੀ ਉਗਰਾਹੀ ਦਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਮੈੱਸ ਕੰਟਰੈਕਟਰ ਦੀ ਹੋਵੇਗੀ।
11. ਮੈੱਸ ਦਾ ਠੇਕਾ 2 ਸਾਲ ਲਈ ਹੋਵੇਗਾ। ਤਸੱਲੀਬਖਸ਼ ਕੰਮ ਹੋਣ ਦੀ ਸੂਰਤ ਵਿੱਚ 1 ਸਾਲ ਦਾ ਵਾਧਾ ਕੀਤਾ ਜਾ ਸਕਦਾ ਹੈ।
12. ਜੇਕਰ ਮੈੱਸ ਦਾ ਕੋਈ ਵਾਦ-ਵਿਵਾਦ ਹੁੰਦਾ ਹੈ ਤਾਂ ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਪ੍ਰਿੰਸੀਪਲ, ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ ਹੋਣਗੇ। ਕੋਰਟ ਕੇਸ ਦੀ ਸੂਰਤ ਵਿੱਚ ਉਸਦਾ ਅਧਿਕਾਰ ਖੇਤਰ (jurisdiction) ਪਟਿਆਲਾ ਹੋਵੇਗਾ।
13. ਮੈੱਸ ਠੇਕੇਦਾਰ ਕਮਰਸ਼ੀਅਲ ਸਿਲੰਡਰ, ਕਰਾਕਰੀ, ਭਾਂਡਿਆਂ ਅਤੇ ਹੋਰ ਰਸੋਈ ਦੇ ਸਮਾਨ ਦਾ ਪ੍ਰਬੰਧ ਆਪ ਕਰੇਗਾ।
14. ਮੈੱਸ ਠੇਕੇਦਾਰ ਮੈੱਸ/ਕੰਟੀਨ ਦੇ ਹਰ ਸਮਾਨ, ਫਰਨੀਚਰ, ਰਸੋਈ ਸਮਾਨ, ਗੈਸ ਚੁੱਲੇ, ਕਮਰਸ਼ੀਅਲ ਸਿਲੰਡਰ, ਫਰਨੀਚਰ, ਵਾਟਰ ਫਿਲਟਰ ਅਤੇ ਛੱਤ ਦੇ ਪੱਖੇ, ਟਿਊਬ ਲਾਈਟ ਆਦਿ ਦੀ ਸੰਭਾਲ ਲਈ ਜਿੰਮੇਵਾਰ ਹੋਵਗਾ। ਜੇ ਇਹ ਸਮਾਨ ਖਰਾਬ ਹੁੰਦਾ ਹੈ ਤਾਂ ਉਸਦੀ ਮੁਰੰਮਤ ਦਾ ਖਰਚਾ ਠੇਕੇਦਾਰ ਦੇਵੇਗਾ ਅਤੇ ਠੇਕੇਦਾਰ ਰਸੋਈ ਗੈਸ ਦੀ ਵਰਤੋਂ ਵਿੱਚ ਵਿਸ਼ੇਸ਼ ਸਾਵਧਾਨੀ ਵਰਤੇਗਾ। ਜੇਕਰ ਅਣਗਹਿਲੀ ਕਾਰਨ ਕੋਈ ਨੁਕਸਾਨ ਹੁੰਦਾ ਹੈ, ਤਾਂ ਉਹ ਕਾਲਜ ਨੂੰ ਹਰਜਾਨਾ ਦੇਣ ਦਾ ਜਿੰਮੇਵਾਰ ਹੋਵੇਗਾ।
15. ਮੈੱਸ ਠੇਕੇਦਾਰ ਕੇਵਲ ਅਜਿਹੇ ਹੋਸਟਲ ਵਸਨੀਕਾਂ ਨੂੰ ਨਾਸ਼ਤਾ, ਦੁਪਹਿਰ ਤੋਂ ਸ਼ਾਮ ਦਾ ਖਾਣਾ ਦੇਵੇਗਾ ਜਿਨ੍ਹਾਂ ਨੂੰ ਵਾਰਡਨ ਵੱਲੋਂ ਹੋਸਟਲ ਵਿੱਚ ਕਮਰੇ ਅਲਾਟ ਕੀਤੇ ਹੋਣਗੇ। ਕਿਸੇ ਵੀ ਬਾਹਰੀ ਵਿਅਕਤੀ ਨੂੰ ਖਾਣਾ ਨਹੀਂ ਦਿੱਤਾ ਜਾਵੇਗਾ।
16. ਮੈੱਸ ਠੇਕੇਦਾਰ ਪ੍ਰਿੰਸੀਪਲ ਵੱਲੋ ਪ੍ਰਵਾਨਿਤ ਮੈੱਸ ਮੀਨੂ (ਪ੍ਰਵਾਨਿਤ ਮਾਤਰਾ ਸਮੇਤ) ਦੀ ਪੂਰੀ ਤਰ੍ਹਾਂ ਪਾਲਣਾ ਕਰੇਗਾ **ਹਰ ਰੋਜ ਦਾ ਮੀਨੂ ਅੰਤਿਕਾ -1 ਵਿੱਚ ਦਰਸਾਇਆ ਗਿਆ ਹੈ।**
17. ਮੈੱਸ ਦਾ ਸਮਾਨ ਪ੍ਰਿੰਸੀਪਲ ਵੱਲੋਂ ਕਿਸੇ ਵੀ ਸਮੇਂ ਵੀ ਪੜਤਾਲਿਆ ਜਾ ਸਕਦਾ ਹੈ। ਹੋਸਟਲ ਵੈਲਫੇਅਰ ਕਮੇਟੀ/ਪ੍ਰਸ਼ਾਸਨ ਖਾਣੇ ਸਬੰਧੀ ਵਾਰਡਨ ਨੂੰ ਸ਼ਿਕਾਇਤ ਕਰ ਸਕਦੀ ਹੈ।
18. ਮੈੱਸ ਠੇਕੇਦਾਰ, ਭਾਂਡੇ ਧੋਣ ਵਾਲੀ ਥਾਂ, ਵਾਸ਼-ਬੇਸਿਨ, ਖਾਣਾ ਪ੍ਰੋਸਣ ਵਾਲੀ ਥਾਂ, ਫਰਨੀਚਰ ਆਦਿ ਨੂੰ ਹਮੇਸ਼ਾ ਵਾਰਡਨ ਦੀ ਤਸੱਲੀ ਅਨੁਸਾਰ ਸਾਫ ਰੱਖੇਗਾ। ਜੇਕਰ ਉਹ ਫਿਰ ਵੀ ਸਫਾਈ ਨਹੀਂ ਰੱਖਦਾ ਤਾਂ ਉਸਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਉਸ ਨਾਲ ਕੀਤਾ ਇਕਰਾਰਨਾਮਾ ਵੀ ਰੱਦ ਕੀਤਾ ਜਾ ਸਕਦਾ ਹੈ।
19. ਮੈੱਸ ਠੇਕੇਦਾਰ ਲੜਕੀਆਂ ਦੇ ਹੋਸਟਲ ਵਿੱਚ 85/- ਰੁਪਏ ਪ੍ਰਤੀ ਦਿਨ ਅਤੇ ਘੱਟੋ- ਘੱਟ 20 ਦਿਨ ਦੀ ਡਾਇਟ ਦੇ ਪੈਸੇ ਲੈਣ ਦਾ ਹੱਕਦਾਰ ਹੋਵੇਗਾ।
20. ਠੇਕੇਦਾਰ ਵੱਲੋਂ ਮੈੱਸ ਲਈ ਖਰੀਦੇ ਜਾਣ ਵਾਲੇ ਸਮਾਨ ਦੇ ਬਿੱਲਾਂ ਦਾ ਲੇਖਾ-ਜੋਖਾ ਤੇ ਅਦਾਇਗੀ ਸਬੰਧੀ ਸਾਰੀ ਕਾਰਵਾਈ ਉਹ ਆਪਣੇ ਪੱਧਰ ਤੇ ਕਰਨਗੇ। ਇਸ ਨਾਲ ਦਫਤਰ ਦਾ ਕੋਈ ਵੀ ਸਬੰਧ ਨਹੀਂ ਹੋਵੇਗਾ। ਸਬੰਧਤ ਫਰਮਾਂ ਨੂੰ ਬਿਲਾਂ ਦੀ ਅਦਾਇਗੀ ਸਬੰਧੀ ਲੈਣ-ਦੇਣ ਦੀ ਸਾਰੀ ਜਿੰਮੇਵਾਰੀ ਠੇਕੇਦਾਰ ਦੀ ਆਪਣੀ ਹੋਵੇਗੀ।
21. ਮੈੱਸ ਦੇ ਖੁੱਲਣ ਅਤੇ ਬੰਦ ਹੋਣ ਦਾ ਸਮਾਂ ਪ੍ਰਿੰਸੀਪਲ ਵੱਲੋਂ ਹੀ ਨਿਸ਼ਚਿਤ ਕੀਤਾ ਜਾਵੇਗਾ।
22. ਮੈੱਸ ਦੇ ਠੇਕੇਦਾਰ ਦਾ ਕੰਮਕਾਜ/ਵਿਹਾਰ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਅਤੇ ਘਟੀਆ ਸਮਾਨ/ਖਾਣੇ (ਡਾਈਟ )ਵਰਤਣ ਦੀ ਸੂਰਤ ਵਿੱਚ ਪ੍ਰਿੰਸੀਪਲ ਨੂੰ ਕਿਸੇ ਸਮੇਂ ਵੀ ਇਹ ਇਕਰਾਰਨਾਮਾ ਰੱਦ ਕਰਨ ਦਾ ਅਧਿਕਾਰ ਹੋਵੇਗਾ।
23. ਮੈੱਸ ਠੇਕੇਦਾਰ ਹੋਸਟਲ ਵਸਨੀਕਾਂ ਨੂੰ ਖਾਣਾ/ਚਾਹ ਆਦਿ ਦੇਣ ਲਈ ਘੱਟੋ-ਘੱਟ 5 ਮੈੱਸ ਵਰਕਰ ਹੋਣਗੇ, ਜਿਨ੍ਹਾਂ ਵਿਚੋਂ ਘੱਟੋ ਘੱਟ 03 ਇਸਤਰੀ ਵਰਕਰ ਲਾਜਮੀ ਹੋਣਗੇ ਅਤੇ ਮੈੱਸ ਦੀ ਸਫਾਈ ਲਈ ਇਕ ਸਫਾਈ ਕਰਮਚਾਰੀ ਰੱਖੇਗਾ। ਹੋਸਟਲ ਖੁਲਣ ਤੋਂ ਪਹਿਲਾਂ ਮੈੱਸ ਕਨਟਰੈਕਟਰ ਸਾਰੇ ਵਰਕਰਾਂ ਦੀਆਂ ਫੋਟੋਆਂ ਅਤੇ ਆਧਾਰ ਕਾਰਡ ਦਫਤਰ ਵਿੱਚ ਜਮ੍ਹਾ ਕਰਵਾਏਗਾ। ਉਹਨਾਂ ਦੇ ਚੰਗੇ ਆਚਰਨ ਸਬੰਧੀ ਸਰਟੀਫਿਕੇਟ ਪ੍ਰਿੰਸੀਪਲ ਦੀ ਤਸੱਲੀ ਅਨੁਸਾਰ ਦਫਤਰ ਵਿੱਚ ਜਮ੍ਹਾਂ ਕਰਵਾਏਗਾ। ਇਸ ਲਿਸਟ ਤੋਂ ਇਲਾਵਾ ਕੋਈ ਹੋਰ ਵਰਕਰ ਹੋਸਟਲ ਮੈੱਸ ਵਿੱਚ ਕੰਮ ਨਹੀਂ ਕਰ ਸਕਦਾ। ਵਰਕਰਾਂ ਦਾ ਤੈਨਾਤੀ ਵਿੱਚ ਤਬਦੀਲੀ ਹੋਣ ਤੇ ਇਸ਼ ਦੀ ਸੂਚਨਾ ਤੁਰੰਤ ਲਿਖਤੀ ਰੂਪ ਵਿੱਚ ਕਾਲਜ ਨੂੰ ਦਿੱਤੀ ਜਾਵੇਗੀ। ਮੈੱਸ ਵਰਕਰਾਂ ਦੇ ਚਾਲ ਚਲਣ ਬਾਰੇ ਮੈੱਸ ਠੇਕੇਦਾਰ ਆਪ ਜਿੰਮੇਵਾਰ ਹੋਵੇਗਾ।

Sushma

24. ਮੈੱਸ ਕਨਟਰੈਕਟਰ ਮੈੱਸ ਦੇ ਕੰਮ-ਕਾਜ, ਇਸ ਦਾ ਕੋਈ ਵੀ ਹਿਸਾਬ, ਕਿਸੇ ਪ੍ਰਕਾਰ ਦੀ ਜਿੰਮੇਵਾਰੀ ਅਗੇ ਕਿਸੇ ਹੋਰ ਬੰਦੇ ਨੂੰ ਨਹੀਂ ਦੇ ਸਕੇਗਾ।
25. ਹੋਸਟਲ ਮੈੱਸ ਕੰਟਰੈਕਟ ਦੀਆਂ ਸਰਤਾਂ, ਨਿਯਮਾਂ ਵਿੱਚ ਲੋੜ ਅਨੁਸਾਰ ਤਬਦੀਲੀ ਦਾ ਅਧਿਕਰ ਪ੍ਰਿੰਸੀਪਲ ਨੂੰ ਹੋਵੇਗਾ। ਪ੍ਰਿੰਸੀਪਲ ਨੂੰ ਪ੍ਰਬੰਧ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਕਿਸੇ ਹੋਰ ਠੇਕੇਦਾਰ ਨੂੰ ਕੰਟਰੈਕਟ ਦਿੱਤਾ ਜਾ ਸਕਦਾ ਹੈ।
26. ਮੈੱਸ ਕਨਟਰੈਕਟਰ ਰਸੋਈ ਦਾ ਜੋ ਵੀ ਗਿੱਲਾ ਕੂੜਾ ਹੋਵੇਗਾ ਉਸ ਨੂੰ ਪਿੱਟ ਵਿੱਚ ਪਾਵੇਗਾ ਅਤੇ ਸੂਕੇ ਕੂੜੇ ਨੂੰ ਡਿਸਪੋਸ ਕਰਨ ਦੀ ਜਿੰਮੇਵਾਰੀ ਉਸ ਦੀ ਆਪਣੀ ਹੋਵੇਗੀ।
27. ਕਿਸੇ ਕਿਸਮ ਦੇ ਨਸ਼ੇ ਦੀ ਵਰਤੋਂ ਅਤੇ ਸੇਵਨ ਦੀ ਸਖਤ ਮਨਾਹੀ ਹੈ ਜੇਕਰ ਮੈੱਸ ਵਿੱਚ ਨਸ਼ੇ ਦੀ ਵਰਤੋਂ ਦਾ ਪਤਾ ਲਗਦਾ ਹੈ ਤਾਂ ਮੈੱਸ ਦਾ ਠੇਕਾ ਤੁਰੰਤ ਰੱਦ ਕਰਕੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।
28. ਹੇਠ ਲਿਖੇ ਮਾਮਲਿਆਂ ਦਾ ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ ਅਤੇ ਇਸ ਦੀ ਕੋਈ ਅਪੀਲ ਜਾਂ ਅਰਜੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ।
    - ਮੈੱਸ ਕੰਟਰੈਕਟ ਨੂੰ ਬਰਤਰਫ ਕਰਨਾ
    - ਸਕਿਉਰਟੀ ਰਕਮ ਜਬਤ ਕਰਨਾ
    - ਇਹ ਮੈੱਸ ਕਨਟਰੈਕਟ ਸਾਲ 2026 ਅਤੇ 2027 ਲਈ ਦਿੱਤਾ ਜਾਵੇਗਾ। (01.01.2026 ਤੋਂ 31.12.2027)
29. ਠੇਕੇਦਾਰ ਮੈੱਸ ਕਰਮਚਾਰੀਆਂ ਦੀ ਰਿਹਾਇਸ਼ ਦਾ ਪ੍ਰਬੰਧ ਆਪਣੇ ਪੱਧਰ ਤੇ ਕਾਲਜ ਦੀ ਹੱਦ ਤੋਂ ਬਾਹਰ ਕਰੇਗਾ।
30. ਮੈੱਸ ਕੰਟੀਨ ਦੇ ਸਾਰੇ ਇੰਤਜਾਮ ਵਿੱਚ ਕਿਸੇ ਵੀ ਗੰਭੀਰ ਊਣਤਾਈ ਦੀ ਸੂਰਤ ਵਿੱਚ ਮੈੱਸ ਠੇਕੇਦਾਰ ਨੂੰ 25000/- ਰੁਪਏ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ਅਤੇ ਠੇਕਾ ਵੀ ਰੱਦ ਕੀਤਾ ਜਾ ਸਕਦਾ ਹੈ।
31. ਮੈੱਸ ਠੇਕੇਦਾਰ Labour Laws ਦੀ ਪਾਲਣਾ ਕਰਨਾ ਯਕੀਨੀ ਬਣਾਏਗਾ।

ਪ੍ਰਿੰਸੀਪਲ

ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ।

## ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪਟਿਆਲਾ

### ਹੋਸਟਲ ਲੜਕੀਆਂ (Girls) ਦੀ ਮੈਸ ਦਾ ਹਫਤਾਵਾਰੀ ਅਹਾਰ ਸੂਚੀ (Menu)

**ਸੈਸ਼ਨ 2025-27**

| ਦਿਨ | ਨਾਸ਼ਤਾ (ਘੱਟੋ ਘੱਟ ਦੋ ਪਰੌਂਠੇ) | ਦੁਪਹਿਰ ਦਾ ਖਾਣਾ | ਰਾਤ ਦਾ ਖਾਣਾ |
|---|---|---|---|
| ਸੋਮਵਾਰ | ਆਲੂ ਪਰੌਂਠਾ+ ਵੇਰਕਾ ਮੱਖਣ ਜਾਂ ਵੇਰਕਾ ਦਹੀਂ + ਵੇਰਕਾ ਦੁੱਧ ਜਾਂ ਚਾਹ | ਰਾਜਮਾਂਹ + ਚਾਵਲ + ਦਹੀਂ + ਰੋਟੀ + ਸਲਾਦ | ਹਰੀ ਮੂੰਗੀ ਦਾਲ + ਸਬਜੀ + ਰੋਟੀ + ਸਲਾਦ |
| ਮੰਗਲਵਾਰ | ਦਲੀਆ + ਵੇਰਕਾ ਦੁੱਧ ਜਾਂ ਚਾਹ | ਚਿੱਟੇ ਛੋਲੇ + ਚਾਵਲ + ਰਾਇਤਾ + ਰੋਟੀ + ਸਲਾਦ | ਮਾਂਹ ਛੋਲਿਆਂ ਦੀ ਦਾਲ + ਸਬਜੀ + ਰੋਟੀ + ਸਲਾਦ + ਮਿੱਠੇ ਵਿੱਚ ਖੀਰ |
| ਬੁੱਧਵਾਰ | ਆਲੂ ਪਰੌਂਠਾ + ਵੇਰਕਾ ਮੱਖਣ ਜਾਂ ਵੇਰਕਾ ਦਹੀ + ਵੇਰਕਾ ਦੁੱਧ ਜਾਂ ਚਾਹ | ਮਟਰ ਪਨੀਰ + ਚਾਵਲ + ਦਹੀਂ + ਰੋਟੀ + ਸਲਾਦ | ਮਸਰ ਸਾਬਤ ਦੀ ਦਾਲ + ਸਬਜੀ + ਰੋਟੀ + ਸਲਾਦ |
| ਵੀਰਵਾਰ | ਬਰੈਡ ਜੈਮ + ਕੇਲੇ + ਵੇਰਕਾ ਦੁੱਧ ਜਾਂ ਚਾਹ | ਕੜੀ + ਚਾਵਲ + ਰੋਟੀ + ਸਲਾਦ | ਮਿਕਸ ਦਾਲ + ਸਬਜੀ + ਰੋਟੀ + ਸਲਾਦ + ਮਿੱਠੇ ਵਿੱਚ ਸੇਵੀਆਂ |
| ਸ਼ੁੱਕਰਵਾਰ | ਆਲੂ ਪਰੌਂਠਾ + ਵੇਰਕਾ ਮੱਖਣ ਜਾਂ ਵੇਰਕਾ ਦਹੀਂ + ਵੇਰਕਾ ਦੁੱਧ ਜਾਂ ਚਾਹ | ਕਾਲੇ ਛੋਲੇ + ਚਾਵਲ + ਰੋਟੀ + ਸਲਾਦ + ਦਹੀ | ਮਾਂਹ ਰਾਜਮਾਂ ਦੀ ਦਾਲ + ਸਬਜੀ + ਰੋਟੀ + ਸਲਾਦ |
| ਸ਼ਨੀਵਾਰ | ਕਾਲੇ ਛੋਲੇ + ਕੜਾਹ + ਵੇਰਕਾ ਦੁੱਧ ਜਾਂ ਚਾਹ | ਨਿਊਟਰੀ + ਚਾਵਲ + ਰਾਇਤਾ + ਰੋਟੀ + ਸਲਾਦ | ਮੂੰਗੀ ਮਸਰੀ ਦਾ ਦਾਲ + ਸਬਜੀ + ਰੋਟੀ + ਸਲਾਦ + ਮਿੱਠੇ ਵਿੱਚ ਕੜਾਹ |
| ਐਤਵਾਰ | ਦਾਲ ਪਰੌਂਠਾ + ਵੇਰਕਾ ਮੱਖਣ ਜਾਂ ਵੇਰਕਾ ਦਹੀ+ ਵੇਰਕਾ ਦੁੱਧ ਜਾਂ ਚਾਹ | ਚਿੱਟੇ ਛੋਲੇ + ਪੂਰੀ + ਦਹੀਂ + ਸਲਾਦ | ਲੋਬੀਆ + ਰੋਟੀ + ਸਲਾਦ |

**ਬੈਡ ਟੀ ਅਤੇ ਸ਼ਾਮ ਦੀ ਚਾਹ ਨਾਲ ਬਿਸਕੁਟ (4)**

# ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ ਪਟਿਆਲਾ

## ਹੋਸਟਲ ਦੀ ਮੈਸ ਟੈਂਡਰ ਅਪਲਾਈ ਪ੍ਰੋਫਾਰਮਾ

ਠੇਕੇਦਾਰ ਦਾ ਨਾਮ: ______________________

ਪਿਤਾ ਦਾ ਨਾਮ: ______________________

ਮੋਬਾਇਲ ਨੰ.: ______________________

ਈ-ਮੇਲ ਆਈ.ਡੀ: ______________________

ਆਧਾਰ ਕਾਰਡ ਨੰ.: ______________________

ਪੈਨਕਾਰਡ ਨੰ. : ______________________

ਪੱਕਾ ਪਤਾ ______________________

______________________

ਆਰਜੀ ਪਤਾ: ______________________

______________________

ਤਜਰਬਾ: ______________________

______________________

**ਟੈਂਡਰ ਫੀਸ ਦਾ ਵੇਰਵਾ:**

ਡਰਾਫਟ ਨੰ. __________ ਮਿਤੀ __________ ਰਾਸ਼ੀ - 1000/- ਰੁਪਏ

ਬੈਂਕ ਹੋਲਡਰ ਦਾ ਨਾਮ __________

| ਨੱਥੀ ਦਸਤਾਵੇਜਾਂ ਦਾ ਵੇਰਵਾ: | | |
|---|---|---|
| ਲੜੀ ਨੰ. | ਦਸਤਾਵੇਜਾਂ ਦੀ ਸੂਚੀ | ਪ੍ਰੋਫਾਰਮੇ ਨਾਲ ਹਾਰਡ ਕਾਪੀ ਲਗਾਈ ਹੈ ਜਾਂ ਨਹੀਂ |
| 1. | ਆਧਾਰ ਕਾਰਡ ਦੀ ਫੋਟੋ ਕਾਪੀ | ਹਾਂ ( ) ਨਹੀਂ ( ) |
| 2. | ਪੈਨਕਾਰਡ ਦੀ ਫੋਟੋ ਕਾਪੀ | ਹਾਂ ( ) ਨਹੀਂ ( ) |
| 3. | ਤਜਰਬਾ ਸਰਟੀਫਿਕੇਟ ਦੀ ਕਾਪੀ | ਹਾਂ ( ) ਨਹੀਂ ( ) |
| 4. | ਟੈਂਡਰ ਫੀਸ (ਡੀ.ਡੀ) ਅਸਲ ਕਾਪੀ | ਹਾਂ ( ) ਨਹੀਂ ( ) |

ਮੈਂ ਇਹ ਤਸਦੀਕ ਕਰਦਾਂ ਹਾਂ ਕਿ ਮੈਨੂੰ ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ ਪਟਿਆਲਾ ਲਈ ਹੋਸਟਲ ਦੀ ਮੈਸ ਦੇ ਟੈਂਡਰ ਦੀਆਂ ਸਾਰੀਆਂ ਸ਼ਰਤਾਂ ਮੰਨਜ਼ੂਰ ਹਨ।

ਬਿਨੇਕਾਰ ਦੇ ਹਸਤਾਖਰ